ਪੰਜਾਬ ਸਰਕਾਰ
ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ

# ਆਟਾ ਦਾਲ ਸਕੀਮ ਲਈ ਪੇਂਡੂ ਗਰੀਬ ਪਰਿਵਾਰਾਂ ਦੀ ਸ਼ਨਾਖ਼ਤ ਲਈ ਗਾਈਡਲਾਈਨਜ਼

1. **ਭੂਮਿਕਾ:** ਪੰਜਾਬ ਸਰਕਾਰ ਨੇ ਰਾਜ ਦੇ ਗਰੀਬ ਪਰਿਵਾਰਾਂ ਨੂੰ ਘੱਟ ਰੇਟ ਤੇ ਆਟਾ ਦਾਲ ਦੇਣ ਲਈ ਸਕੀਮ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਸ ਸਕੀਮ ਦਾ ਸੰਚਾਲਣ ਕਰਨ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਯੋਗ ਪੇਂਡੂ/ਸ਼ਹਿਰੀ ਇਲਾਕੇ ਵਿਚ ਗਰੀਬ ਪਰਿਵਾਰਾਂ ਦਾ ਨਵੇਂ ਸਿਰਿਉਂ ਸਰਵੇ ਕਰਵਾਇਆ ਜਾਵੇ।

2. **ਆਮਦਨ ਆਧਾਰਤ ਸਰਵੇ:** ਵਿਚਾਰ ਵਟਾਂਦਰੇ ਉਪਰੰਤ ਸਰਕਾਰ ਦਾ ਇਹ ਵਿਚਾਰ ਹੈ ਕਿ ਯੋਗ ਗਰੀਬ ਪਰਿਵਰਾਂ ਦੀ ਸ਼ਨਾਖ਼ਤ ਕਰਨ ਲਈ, ਜਿਹਨਾਂ ਨੂੰ ਇਸ ਸਕੀਮ ਅਧੀਨ ਸਹੂਲਤਾਂ ਦਿੱਤੀਆਂ ਜਾਣ, ਲਈ ਇਕ ਆਮ ਆਮਦਨ ਤੇ ਆਧਾਰਤ ਸਰਵੇ ਕਰਵਾਇਆ ਜਾਵੇ। ਇਸ ਅਨੁਸਾਰ, ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹਨਾਂ ਪਰਿਵਾਰਾਂ ਨੂੰ ਗਰੀਬ ਪਰਿਵਾਰ ਸਮਝਿਆ ਜਾਣਾ ਹੈ, ਉਹਨਾਂ ਦੀ ਉਪਰਲੀ ਸਾਲਾਨਾ ਆਮਦਨ 30,000/- ਰੁਪਏ ਹੋਵੇ।

3. **ਪਰਿਵਾਰ ਵੋਟਰ:** ਆਮ ਤੌਰ ਤੇ ਪਰਿਵਾਰ ਦਾ ਮਤਲਬ, ਪਤੀ ਅਤੇ ਪਤਨੀ ਅਤੇ ਉਹਨਾਂ ਤੇ ਨਿਰਭਰ ਅਣ-ਵਿਆਹੇ ਬੱਚੇ ਹੋਣਗੇ। ਬਜ਼ੁਰਗ ਮਾਂ ਬਾਪ ਦੇ ਸਬੰਧ ਵਿਚ ਸਰਵੇਖਣਕਰਤਾ ਇਹ ਵੇਖਣਗੇ ਕਿ ਉਹ ਆਮ ਤੌਰ ਤੇ ਸਰਵੇ ਕੀਤੇ ਪਰਿਵਾਰ ਨਾਲ ਰਹਿ ਰਹੇ ਹਨ ਅਤੇ ਸਾਂਝੇ ਇਕੋ ਚੁਲ੍ਹੇ ਤੋਂ ਖਾਨਾ ਖਾਂਦੇ ਹਨ।ਸਰਵੇ ਕਰਦੇ ਸਮੇਂ ਅਤੇ ਪਰਿਵਾਰ ਦੀ ਆਮਦਨ ਦਾ ਅੰਦਾਜ਼ਾ ਲਾਉਣ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਹੀ ਪਰਿਵਾਰ ਜਿਨ੍ਹਾਂ ਦੇ ਮੈਂਬਰਾਂ ਦੇ ਨਾਂ ਸੱਭ ਤੋਂ ਬਾਅਦ ਵਾਲੀਆਂ ਵਿਧਾਨ ਸਭਾ ਦੀ ਵੋਟਰ ਸੂਚੀਆਂ ਵਿਚ ਦਰਜ ਹਨ, ਉਹਨਾਂ ਨੂੰ ਹੀ ਇਸ ਸਕੀਮ ਅਧੀਨ ਲਾਭ ਦੇਣ ਦੇ ਯੋਗ ਸਮਝਿਆ ਜਾਵੇ।

4. **ਸਰਵੇ ਕਰਨ ਦਾ ਤਰੀਕਾ:** ਡਿਪਟੀ ਕਮਿਸ਼ਨਰਜ਼ ਹਰ ਬਲਾਕ/ਕਸਬਾ/ਪਿੰਡ/ਵਾਰਡ ਦੇ ਪਰਿਵਾਰਾਂ ਨੂੰ 500-500 ਦੇ ਗਰੁੱਪਾਂ ਵਿਚ ਵੰਡਣਗੇ ਅਤੇ ਹਰੇਕ ਅਜਿਹੇ ਗਰੁੱਪ ਦਾ ਦੋ ਸਰਵੇਖਣਕਰਤਾ ਸਰਵੇ ਕਰਨਗੇ। ਇਹ ਧਿਆਨ ਰਖਿਆ ਜਾਵੇ ਕਿ ਇਕ ਵਾਰਡ/ਪਿੰਡ ਦੇ ਪਰਿਵਾਰਾਂ ਨੂੰ ਕਿਸੇ ਦੂਜੇ ਵਾਰਡ/ਪਿੰਡ ਦੇ ਪਰਿਵਾਰਾਂ ਨਾਲ ਨਾਂ ਜੋੜਿਆ ਜਾਵੇ। ਸਰਵੇਖਣਕਰਤਾ ਗਰੁੱਪ ਬੀ (ਨਾਨ ਗਜ਼ਟਿਡ) ਜਾਂ ਗਰੁੱਪ ਸੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗ/ਹੋਰ ਰਾਜ ਸਰਕਾਰ ਦੇ ਅਦਾਰਿਆਂ ਦੇ ਮੁਲਾਜ਼ਮਾਂ ਵਿਚੋਂ ਚੁਣੇ ਜਾਣ। ਫਿਰ ਵੀ ਇਹ ਯਕੀਨੀ ਬਣਾਇਆ ਜਾਵੇ ਕਿ ਸਰਵੇਖਣਕਰਤਾ ਦੀ ਟੀਮ ਦੇ ਮੈਂਬਰ ਵੱਖ੍ਵੱਖ ਵਿਭਾਗਾਂ ਦੇ ਹੋਣ ਅਤੇ ਘੱਟੋ ਘੱਟ ਇੱਕ ਮੈਂਬਰ ਇਸ ਤਰ੍ਹਾਂ ਦੇ ਵਿਭਾਗ ਦਾ ਹੋਵੇ ਜਿਸ ਦਾ ਰੋਲ ਫੀਲਡ ਲੈਵਲ ਤੱਕ ਹੋਵੇ।

ਸਰਵੇਖਣਕਰਤਾ ਦੇ ਕੰਮ ਦੀ ਦੇਖਰੇਖ ਇਕ ਗਜ਼ਟਿਡ ਅਫਸਰ ਕਰੇਗਾ ਅਤੇ ਇਹ ਸਰਵੇਖਣਕਰਤਾ ਦੇ ਕੀਤੇ ਗਏ ਸਰਵੇ ਵਿਚੋਂ 10% ਪਰਿਵਾਰਾਂ ਦੀ ਜ਼ਾਤੀ ਤੌਰ ਤੇ ਤਸਦੀਕ ਕਰੇਗਾ। ਸੁਪਰਵਾਈਜ਼ਰ ਦੀ ਇਹ ਵੀ ਜਿੰਮੇਵਾਰੀ ਹੋਵੇਗੀ ਕਿ ਉਹ ਸਰਵੇਖਣਕਰਤਾ ਦੇ ਕੰਮ ਤੇ ਲਗਾਤਾਰ ਧਿਆਨ ਰਖੇ ਅਤੇ ਯਕੀਨੀ ਬਣਾਇਆ ਜਾਵੇ ਕਿ ਸਮੇਂ ਸਿਰ ਕੰਮ ਖ਼ਤਮ ਹੋ ਜਾਵੇ। ਆਮ ਤੌਰ ਤੇ 10 ਤੋਂ 15 ਸਰਵੇਖਣਕਰਤਾ ਦੇ ਜੋੜਿਆਂ ਲਈ ਇਕ ਸੁਪਰਵਾਈਜ਼ਰ ਦੀ ਨਿਯੁਕਤੀ ਕੀਤੀ ਜਾਵੇ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ/ਕਾਰਜਕਾਰੀ ਅਫਸਰ ਸਰਵੇ ਕੀਤੇ 5% ਪਰਿਵਾਰਾਂ ਦੀ ਆਪਣੇ ਸਬੰਧਤ ਬਲਾਕ/ਕਸਬੇ ਵਿਚ ਰੈਂਡਮ (Random) ਚੈਕਿੰਗ ਕਰਨਗੇ। ਸਬ-ਡਵੀਜ਼ਨਲ

ਮੈਜਿਸਟਰੇਟ ਆਪਣੀ ਸਬ-ਡਵੀਜ਼ਨ ਵਿਚ ਸਰਵੇ ਦੇ ਕੰਮ ਦਾ ਤਾਲਮੇਲ ਕਰਵਾਉਣਗੇ ਅਤੇ ਆਪਣੀ ਸਬ-ਡਵੀਜ਼ਨ ਵਿਚ 2-3% ਸਰਵੇ ਕੀਤੇ ਪਰਿਵਾਰਾਂ ਦੀ ਰੈਂਡਮ (Random) ਚੈਕਿੰਗ ਕਰਨਗੇ। ਵਧੀਕ ਡਿਪਟੀ ਕਮਿਸ਼ਨਰ (ਜਨਰਲ/ਵਿਕਾਸ)ਸਰਵੇ ਕੀਤੇ ਪਰਿਵਾਰਾਂ ਦੀ 1% ਰੈਂਡਮ (Random) ਚੈਕਿੰਗ ਕਰਨਗੇ। ਡਿਪਟੀ ਕਮਿਸ਼ਨਰ ਸਾਰੇ ਸਰਵੇ ਦੇ ਕੰਮਾਂ ਨੂੰ ਕਰਵਾਉਣ ਦੇ ਇੰਚਾਰਜ ਹੋਣਗੇ ਅਤੇ ਉਹ ਹਰ ਬਲਾਕ/ਕਸਬੇ ਵਿਚ ਹੋਏ ਸਰਵੇ ਦੇ ਸਹੀਪੰਨ ਨੂੰ ਵੇਖਣ ਲਈ ਖੁਦ ਰੈਂਡਮ (Random) ਚੈਕਿੰਗ ਕਰਨਗੇ।

ਡਿਪਟੀ ਕਮਿਸ਼ਨਰਜ਼ ਆਪਣੇ ਉਪ ਮੰਡਲ ਮੈਜਿਸਟਰੇਟਾਂ ਰਾਹੀਂ ਇਹ ਯਕੀਨੀ ਬਨਾਉਂਣਗੇ ਕਿ ਹਲਕਾ ਪਟਵਾਰੀ ਸਰਵੇਖਣ ਕਰਤਾਵਾਂ ਨੂੰ ਪਰਿਵਾਰਾਂ ਸਬੰਧੀ ਜ਼ਮੀਨ ਦੀ ਮਾਲਕੀ ਤਸਦੀਕ ਕਰਨ ਸਮੇਂ ਲੋੜੀਂਦੀ ਮਦਦ ਕਰਨ। ਇਸੇ ਤਰ੍ਹਾਂ ਉਹ ਸਰਵੇਖਣ ਕਰਤਾਵਾਂ ਨੂੰ ਸਰਵੇਖਣ ਕਰਦੇ ਸਮੇਂ ਸਬੰਧਤ ਵੋਟਰ ਸੂਚੀਆਂ ਉਨ੍ਹਾਂ ਨੂੰ ਉਪਲਬੱਧ ਕਰਵਾਉਂਣਗੇ, ਜਿਸ ਨਾਲ ਕਿ ਉਹ ਪਰਿਵਾਰਾਂ ਦੇ ਵੋਟਰ ਹੋਂਣ ਸਬੰਧੀ ਕਰਾਸ ਚੈਕਿੰਗ ਕਰ ਸਕਣ।

ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਸਰਵੇਖਣ ਕਰਤਾ ਖੇਤੀਬਾੜੀ ਦੀ ਆਮਦਨ ਨਿਰਧਾਰਿਤ ਕਰਦੇ ਸਮੇਂ ਸਿੰਚਾਈ ਵਾਲੀ ਜ਼ਮੀਨ ਦੀ ਸਾਲਾਨਾ ਆਮਦਨ ਘੱਟੋ-ਘੱਟ 10,000/- ਰੁਪਏ, ਪ੍ਰਤੀ ਏਕੜ ਅਤੇ ਬਿਨ੍ਹਾਂ ਸਿੰਚਾਈ ਵਾਲੀ ਜ਼ਮੀਨ ਦੀ ਘੱਟ ਤੋਂ ਘੱਟ ਆਮਦਨ 5,000/-ਰੁਪਏ, ਪ੍ਰਤੀ ਏਕੜ ਲਗਾਵੇ। ਭਾਵੇਂ ਉਪਰ ਦੱਸੇ ਅੰਕੜੇ ਕੇਵਲ ਸੰਕੇਤਕ ਹਨ ਅਤੇ ਸਰਵੇਖਣ ਕਰਤਾ ਨੂੰ ਖੇਤੀਬਾੜੀ ਦੀ ਆਮਦਨ ਨਿਰਧਾਰਿਤ ਕਰਨ ਸਮੇਂ ਆਜ਼ਾਦੀ ਹੋਵੇਗੀ, ਕਿਉਂਕਿ ਇਹ ਆਮਦਨ ਕੁਝ ਕੇਸਾਂ ਵਿਚ ਵੱਧ ਵੀ ਹੋ ਸਕਦੀ ਹੈ।

5. **ਹਲਫਨਾਮੇ:** ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸਰਵੇ ਕੀਤੇ ਗਏ ਪਰਿਵਾਰ ਦੇ ਮੁੱਖੀ ਤੋਂ ਉਨ੍ਹਾਂ ਦੀ ਸਾਰੇ ਵਸੀਲਿਆਂ ਤੋਂ ਕੁੱਲ ਸਾਲਾਨਾ ਆਮਦਨ ਸਬੰਧੀ ਹਲਫਨਾਮਾ ਲਿਆ ਜਾਵੇ। ਖਾਸ ਤੌਰ ਤੇ ਇਹ ਉਨ੍ਹਾਂ ਪਰਿਵਾਰਾਂ ਲਈ ਅਤੀ ਜ਼ਰੂਰੀ ਹੋਵੇਗਾ, ਜਿਨ੍ਹਾਂ ਦੀ ਆਮਦਨ ਨਿਸ਼ਚਿਤ ਕੀਤੀ ਸੀਮਾ 30,000/-ਰੁਪਏ ਸਾਲਾਨਾ ਤੋਂ ਘੱਟ ਹੈ ਜਾਂ ਉਸ ਦੇ ਨੇੜ-ਤੇੜੇ ਹੈ। ਫਿਰ ਵੀ ਪਰਿਵਾਰ ਦੀ ਆਮਦਨ ਦਾ ਅੰਤਿਮ ਅੰਦਾਜ਼ਾ ਲਗਾਉਂਣ ਦੀ ਜ਼ਿੰਮੇਵਾਰੀ ਕੇਵਲ ਸਰਵੇਖਣ ਕਰਤਾ ਦੀ ਹੋਵੇਗੀ, ਜੋ ਕਿ ਇਸ ਦਿੱਤੇ ਗਏ ਹਲਫਨਾਮੇ ਨੂੰ ਕਰਾਸ ਚੈਕਿੰਗ / ਪੁਸ਼ਟੀ ਕਰਨ ਲਈ ਵਰਤ ਸਕਦਾ ਹੈ।

6. **ਸਰਵੇਖਣ ਕਰਨ ਦੀ ਸਮਾਂ-ਸੂਚੀ:** ਇਹ ਸਲਾਹ ਦਿੱਤੀ ਜਾਂਦੀ ਹੈ ਕਿ ਹੇਠ ਦਿੱਤੀ ਸਮਾਂ-ਸੂਚੀ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਜੋ ਸਰਵੇਖਣ ਦਾ ਕੰਮ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾ ਸਕੇ:-

- ਡਿਪਟੀ ਕਮਿਸ਼ਨਰ ਵੱਲੋਂ ਸਰਵੇਖਣਕਰਤਾਵਾਂ ਅਤੇ ਸੁਪਰਵਾਈਜ਼ਰਜ਼ ਦੀ ਨਿਯੁਕਤੀ - 30-3-2007 ਤੱਕ।
- ਉਪ ਮੰਡਲ ਮੈਜਿਸ਼ਟਰੇਟ/ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ/ਕਾਰਜਕਾਰੀ ਅਫਸਰ/ ਸੁਪਰਵਾਈਜਰਾਂ ਦੀ ਜ਼ਿਲਾ ਪਧਰੀ ਮੀਟਿੰਗ 2.4.2007 ਤੱਕ
- ਉਪ ਮੰਡਲ ਮੈਜਿਸਟਰੇਟ ਵੱਲੋਂ ਸਰਵੇਖਣ ਕਰਤਾਵਾਂ ਦੀ ਬਲਾਕ / ਕਸਬਾ ਪੱਧਰ ਦੀਆਂ ਮੀਟਿੰਗਾਂ - 4-4-2007
- ਸਰਵੇਖਣ ਕਰਤਾਵਾਂ ਨੂੰ ਸਰਵੇ ਫਾਰਮਾਂ ਦੀ ਵੰਡ - 6-4-2007 ਤੱਕ
- ਖੇਤਰਾਂ ਵਿੱਚ ਸਰਵੇਖਣ ਦਾ ਕੰਮ - 9 ਤੋਂ 22-4-2007 ਤੱਕ
- ਬਲਾਕ / ਕਸਬਾ ਪੱਧਰ ਤੇ ਸਰਵੇਖਣ ਫਾਰਮਾਂ ਨੂੰ ਸੰਕਲਿਤ ਕਰਨਾ -

23 ਤੋਂ 27-4-2007 ਤੱਕ

- ਉਪ ਮੰਡਲ ਮੈਜਿਸਟਰੇਟ ਵੱਲੋਂ ਗਰੀਬ ਪਰਿਵਾਰਾਂ ਦੀਆਂ ਸੂਚੀਆਂ ਨੂੰ ਪ੍ਰਕਾਸ਼ਿਤ ਕਰਨਾ - 28-4-2007.
- ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦਾ ਸਮਾਂ, ਜੇਕਰ ਕੋਈ ਹੋਵੇ - 28-4-2007 ਤੋਂ 7-5-2007 ਤੱਕ
- ਉਪ ਮੰਡਲ ਮੈਜਿਸਟਰੇਟ ਵੱਲੋ ਦਾਅਵਾ ਅਤੇ ਇਤਰਾਜ਼ ਦਾ ਨਿਪਟਾਰਾ - 14-5-2007 ਤੱਕ
- ਗਰੀਬ ਪਰਿਵਾਰਾਂ ਦੀਆਂ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ - 15-5-2007.
- ਵਿਭਾਗ ਨੂੰ ਗਰੀਬ ਪਰਿਵਾਰਾਂ ਸਬੰਧੀ ਸਮੱਗਰੀ ਭੇਜਣਾਂ - 16-5-2007.

7. **ਪ੍ਰਕਾਸ਼ਨ ਅਤੇ ਦਾਅਵੇ ਅਤੇ ਇਤਰਾਜ:** ਸਰਵੇ ਦਾ ਨਤੀਜਾ ਸੰਕਲਤ ਕੀਤਾ ਜਾਵੇ ਅਤੇ ਗਰੀਬ ਪਰੀਵਾਰਾਂ ਦੀ ਸੂਚੀ ਦਾ ਡਰਾਫਟ, ਪਿੰਡ ਪੱਧਰ (ਗਰਾਮ ਪੰਚਾਇਤ ਦਫਤਰ) , ਬਲਾਕ ਪੱਧਰ (ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦਾ ਦਫਤਰ ), ਕਸਬਾ ਪੱਧਰ ( ਮਿਉਨਸਪਲ ਕੌਂਸਲ/ ਨੋਟੀਫਾਇਡ ਏਰੀਆ ਕਮੇਟੀ/ ਮਿਉਨਸਪਲ ਕਾਰਪੋਰਸ਼ਨ ਦਾ ਦਫਤਰ) ਅਤੇ ਸਬ-ਡਵੀਜਨ ਪੱਧਰ ( ਉਪ ਮੰਡਲ ਮਜਿਸਟਰੇਟ ਦਫਤਰ 28 ਅਪਰੈਲ 2007 ਤੱਕ ਪ੍ਰਕਾਸ਼ਤ ਕਰਨਗੇ।

ਸਰਵੇ ਪ੍ਰਤੀ ਕੋਈ ਵੀ ਪੀੜਤ ਵਿਅਕਤੀ ਜਿਸ ਦਾ ਸਰਵੇ ਵਿਚ ਨਾਂ ਸ਼ਾਮਲ ਕਰਨਾ ਹੋਵੇ/ ਜਾਂ ਕਿਸੇ ਦਾ ਵਾਧੂ ਨਾਂ ਸ਼ਾਮਲ ਕੀਤਾ ਹੋਇਆ ਹੋਵੇ ਉਸ ਪ੍ਰਤੀ ਆਪਣਾ ਦਾਅਵਾ ਜਾਂ ਇਤਰਾਜ ਉਪ ਮੰਡਲ ਮਜਿਸਟਰੇਟ/ ਬੀ.ਡੀ.ਪੀ.ਓ. /ਕਾਰਜਕਾਰੀ ਅਫਸਰ ਜਿਸ ਦੇ ਅਧਿਕਾਰ ਖੇਤਰ ਵਿਚ ਉਹ ਪਿੰਡ/ ਵਾਰਡ ਆਉਦਾ ਹੋਵੇ ਕਰ ਸਕਦਾ ਹੈ।ਸਾਰੇ ਦਾਅਵੇ/ ਇਤਰਾਜ ਜੋ ਬੀ.ਡੀ.ਪੀ.ਓ./ਕਾਰਜਕਾਰੀ ਦਫਤਰ ਵਿਚ ਪ੍ਰਾਪਤ ਹੋਏ ਹੋਣ ਉਹਨਾਂ ਨੂੰ ਤੁਰੰਤ ਉਪ ਮੰਡਲ ਮਜਿਸਟਰੇਟ ਨੂੰ ਭੇਜੇ ਜਾਣ। ਇਸ ਮੰਤਵ ਲਈ ਮਾਤ ਭਾਸ਼ਾ ਵਿਚ ਪ੍ਰਕਾਸ਼ਤ ਫਾਰਮ ਉਪ ਮੰਡਲ ਮਜਿਸਟਰੇਟ ਦੇ ਦਫਤਰ ਵਿਚ ਮੁਫਤ ਮੁਹੱਈਆ ਕਰਵਾਏ ਜਾਣਗੇ। ਕੁਲ ਦਾਅਦੇ/ ਇਤਰਾਜ ਜੋ ਸਾਰੇ ਜਿਲੇ ਵਿਚ ਦਾਇਰ ਹੋਏ ਹਨ ਦੀ ਲਿਸਟ ਡਿਪਟੀ ਕਮਿਸ਼ਨਰ ਵਿਭਾਗ ਦੇ ਨੋਡਲ ਅਫਸਰ ਨੂੰ 8.5.2007 ਨੂੰ ਫੈਕਸ ਰਾਹੀਂ ਭੇਜਣਗੇ।

ਹਰ ਇਕ ਦਾਅਵਾ/ ਇਤਰਾਜ ਜੋ ਪ੍ਰਾਪਤ ਹੋਏ ਹਨ ਸਬੰਧੀ ਉਪ ਮੰਡਲ ਮਜਿਸਟਰੇਟ ਸੰਖੇਪ ਇੰਨਕੁਆਰੀ ਕਰੇਗਾ ਅਤੇ ਉਸ ਦੇ ਨਿਪਟਾਰੇ ਸਬੰਧੀ ਉਸਨੂੰ ਮੰਨਣਾ/ ਠਕਰਾਉਣ ਦੇ ਕਾਰਨਾਂ ਸਮੇਤ ਸੰਖੇਪ ਮੂਹ ਬੋਲਦੇ ਹੁਕਮ ਜਾਰੀ ਕਰਨਗੇ। ਆਮ ਤੌਰ ਤੇ ਉਪ ਮੰਡਲ ਮਜਿਸਟਰੇਟ ਵੋਟਰਾਂ ਸਬੰਧੀ ਦਾਅਵੇ/ਇਤਰਾਜਾਂ ਦੇ ਨਿਪਟਾਰੇ ਸਬੰਧੀ ਅਪਣਾਇਆ ਤਰੀਕਾ ਇਸਤੇਮਾਲ ਕਰਨਗੇ। ਅੰਤਮ ਸੂਚੀ, ਤਮਾਮ ਦਾਅਵੇ/ ਇਤਰਾਜਾਂ ਨੂੰ ਨਿਪਟਾਉਣ ਉਪਰੰਤ ਪਿੰਡ/ਬਲਾਕ/ਕਸਬਾ/ ਸਬ-ਡਵੀਜ਼ਨ ਪੱਧਰ ਤੇ ਨੀਯਤ ਕੀਤੀ ਮਿਤੀ 15.5.2007 ਨੂੰ ਪ੍ਰਕਾਸ਼ਤ ਕਰਨਗੇ।

8. **ਸਰਵੇ ਦੇ ਨਤੀਜੇ ਸਬੰਧੀ ਵਿਭਾਗ ਨੂੰ ਸੂਚਨਾ** : ਸਾਰੇ ਡਿਪਟੀ ਕਮਿਸ਼ਨਰਜ਼, ਸਰਵੇ ਦੇ ਨਤੀਜੇ ਸਬੰਧੀ ( ਹਾਰਡ ਅਤੇ ਸੋਫਟ ) ਦੀ ਕਾਪੀ ਡਾਇਰੈਕਟਰ, ਖੁਰਾਕ ਤੇ ਸਪਲਾਈ ਵਿਭਾਗ ਪੰਜਾਬ, ਜੋ ਇਸ ਸਰਵੇ ਲਈ ਨੋਡਲ ਅਫਸਰ ਲਗਾਏ ਗਏ ਹਨ ,ਨੂੰ ਭੇਜਣਗੇ। ਇਹ ਸਾਰਾ ਕੁਝ ਚੁਣੇ ਗਏ ਪਰਿਵਾਰਾਂ ਦੀ ਅੰਤਿਮ ਸੂਚੀ ਦੇ ਪ੍ਰਕਾਸਤ ਹੋਣ ਦੇ ਨਾਲ ਨਾਲ ਹੀ ਕੀਤਾ ਜਾਵੇ। ਇਸ ਦੀ ਇਕ ਕਾਪੀ ਡਿਪਟੀ ਕਮਿਸ਼ਨਰ ਰੱਖਣਗੇ ਅਤੇ ਸਰਵੇ ਦਾ ਰਿਕਾਰਡ ਜਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ ਰੱਖੇਗਾ।

9. **ਚੁਣੇ ਗਏ ਗਰੀਬ ਪਰਿਵਾਰਾਂ ਨੂੰ ਕਾਰਡ ਜਾਰੀ ਕਰਨੇ ਅਤੇ ਵੰਡਣੇ :** ਸੂਚੀ ਵਿਚ ਸਾਰੇ ਚੁਣੇ ਹੋਏ ਪਰਿਵਾਰਾਂ ਦੀ ਸੂਚੀ ਦੇ ਆਧਾਰ ਤੇ ਖੁਰਾਕ ਤੇ ਸਪਲਾਈ ਵਿਭਾਗ ਲੋੜੀਂਦੀ ਮਾਤਰਾ ਵਿਚ ਕਾਰਡ ਪ੍ਰਿੰਟ ਕਰਵਾਏਗਾ ( ਸਰਕਾਰ ਵਲੋਂ ਦੱਸੇ ਰੰਗ ਅਤੇ ਪ੍ਰੋਫਾਰਮੇ ਵਿਚ) ਅਤੇ ਇਹ ਕਾਰਡ ਮਈ ਦੇ ਦੂਜੇ ਹਫਤੇ ਤੱਕ ਡਿਪਟੀ ਕਮਿਸਨਰਜ ਨੂੰ ਭੇਜੇਗਾ। ਸਰਵੇ ਦੇ ਅੰਤਿਮ ਨਤੀਜਿਆਂ ਨੂੰ ਸਰਕਾਰ ਵਲੋਂ ਮੰਨਜੂਰੀ ਦੇਣ ਤੇ ਡਿਪਟੀ ਕਮਿਸਨਰਜ ਨੂੰ ਨਵੇ ਕਾਰਡ ਤਿਆਰ ਕਰਨ ਅਤੇ ਉਹਨਾਂ ਨੂੰ ਲਾਭਪਾਤਰਾਂ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ/ ਕਾਰਜਕਾਰੀ ਅਫਸਰ ਅਤੇ ਸਰਵੇ ਕਰਨ ਵਾਲਿਆਂ ਰਾਹੀਂ ਇਕ ਹਫਤੇ ਦੇ ਅੰਦਰ ਅੰਦਰ ਵੰਡਣ ਦੇ ਅਧਿਕਾਰ ਦਿਤੇ ਜਾਣਗੇ।

10. **ਸਰਵੇਖਣ ਦੀ ਮਹੱਤਤਾ** : ਸਰਕਾਰ ਇਸ ਸਰਵੇ ਨੂੰ ਪਾਰਦਰਸੀ ਅਤੇ ਅਰਥਪੂਰਵਕ ਤਰੀਕੇ ਨਾਲ ਕਰਾਉਣ ਲਈ ਇਸ ਦੀ ਮਹੱਤਤਾ ਤੇ ਪੁਰਜੋਰ ਦਿੰਦੀ ਹੈ। ਸਾਰੇ ਉਪ ਮੰਡਲ ਅਫਸਰਾਂ ਨੂੰ ਚਾਹੀਦਾ ਹੈ ਕਿ ਜੋ ਸਰਵੇਖਣ ਕਰਤਾ ਇਸ ਮੰਤਵ ਲਈ ਲਗਾਏ ਗਏ ਹਨ ਉਹ ਉਹਨਾਂ ਨੂੰ ਜਾਤੀ ਤੌਰ ਤੇ ਸਰਵੇ ਕਰਨ ਦੇ ਤੌਰ ਤਰੀਕਿਆਂ ਬਾਰੇ ਵੇਰਵੇ ਸਹਿਤ ਦੱਸਣ ਅਤੇ ਸਰਵੇ ਕਰਤਾਵਾਂ ਦੇ ਸ਼ੱਕ/ਗਲਤਫਹਿਮੀਆਂ ਧਰਾਵਾਂ ਨੂੰ ਦੂਰ ਕਰਨ। ਸਰਵੇ ਦੇ ਕੰਮ ਨੂੰ ਸਬੰਧਤ ਅਫਸਰਾਂ ਦੀ ਨਿਗਰਾਨੀ ਹੇਠ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ ਅਤੇ ਕੋਈ ਵੀ ਗਲਤੀ ਜਾਂ ਅਣਗਹਿਲੀ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਸਰਕਾਰ ਡਿਪਟੀ ਕਮਿਸ਼ਨਰਜ ਤੋਂ ਪੂਰੀ ਆਸ ਰੱਖਦੀ ਹੈ ਕਿ ਉਹ ਇਸ ਸਾਰੇ ਕੰਮ ਵਿਚ ਮੁੱਖ ਭੁਮਿਕਾ ਨਿਭਾਉਦੇ ਹੋਏ ਇਸ ਨੂੰ ਸਫਲਤਾ ਪੂਰਵਕ ਨੇਪਰੇ ਚੜਾਉਣਗੇ।

ਗਰੀਬ ਘਰਾਂ ਦਾ ਸਰਵੇਖਣ -2007
ਸਰਵੇਖਣ ਕਰਨ ਵਾਲਿਆਂ ਲਈ ਗਾਈਡਲਾਈਨਜ਼।

1. ਲੜੀ ਨੰਬਰ 1 ਤੋਂ 6 ਸਵੈ-ਸਪੱਸ਼ਟ ਹਨ।
2. ਲੜੀ ਨੰ. 7 ਦੇ ਸਬੰਧ ਵਿਚ ਸਰਵੇਖਣ ਕਰਤਾ ਇਹ ਵੇਖਣ ਕੀ ਘਰ/ਪਰਿਵਾਰ ਵਿਚ ਕੁੱਲ ਕਿਨੇ ਮੈਂਬਰ ਹਨ। ਇਹ ਧਿਆਨ ਵਿਚ ਰੱਖਿਆ ਜਾਵੇ ਕੀ ਬਜੁਰਗ ਮਾਂ ਬਾਪ ਆਮ ਤੌਰ ਤੇ ਪਰਿਵਾਰ ਨਾਲ ਹੀ ਰਹਿੰਦੇ ਹਨ ਅਤੇ ਸਾਝੇ ਚੁਲ੍ਹੇ ਤੋਂ ਬਣਿਆ ਖਾਣਾ ਖਾਂਦੇ ਹਨ ।
3. ਲੜੀ ਨੰਬਰ 8 ਤੇ ਸਰਵੇਖਣ ਕਰਨ ਵਾਲੇ ਇਹ ਵੇਖਣ ਕਿ ਘਰ ਦਾ ਮੁੱਖੀਆ / ਬਾਲਗ ਮੈਬਰਾਂ ਦਾ ਨਾਮ ਵਿਧਾਨ ਸਭਾ ਦੀ ਵੋਟਰ-ਸੂਚੀ ਸਾਲ 2007 ਵਿੱਚ ਦਰਜ ਹੈ।
4. ਲੜੀ ਨੰਬਰ 9 ਅਤੇ 10 ਸਵੈ-ਸਪੱਸ਼ਟ ਹੈ।
5. ਲੜੀ ਨੰਬਰ 11 ਵਿੱਚ ਇੰਦਰਾਜ਼ ਧਿਆਨ ਨਾਲ ਕੀਤੇ ਜਾਣ। ਸਰਵੇਖਣ ਕਰਨ ਵਾਲੇ ਘਰ ਦੀ ਵੱਖ-ਵੱਖ ਵਸੀਲਿਆਂ ਤੋਂ ਆਮਦਨ ਦਾ ਪਤਾ ਕਰਨ ਸਮੇਂ ਸਰਕਾਰ ਵਲੋਂ ਵੱਖ-ਵੱਖ ਕੰਮਾਂ ਲਈ ਨਿਸ਼ਚਿਤ ਕੀਤੀ ਘੱਟ ਤੋਂ ਘੱਟ ਉਜਰਤ ਨੂੰ ਧਿਆਨ ਵਿੱਚ ਰੱਖਣ।ਸਰਵੇਖਣ ਕਰਨ ਵਾਲੇ ਜ਼ਮੀਨ ਦੀ ਮਾਲਕੀ, ਕਿੱਤੇ ਦੀ ਕਿਸਮ ਅਤੇ ਘਰ ਦੀ ਸਾਰੇ ਵਸੀਲਿਆਂ ਤੋਂ ਕੁੱਲ ਆਮਦਨ ਦੇ ਵੇਰਵੇ ਧਿਆਨ ਨਾਲ ਦਰਜ ਕਰਨ। ਖੇਤੀਬਾੜੀ ਤੋਂ ਆਮਦਨ ਨਿਰਧਾਰਤ ਕਰਦੇ ਸਮੇਂ ਸਰਵੇਖਣ ਕਰਤਾ ਆਮ ਤੌਰ ਤੇ ਸਿੰਚਾਈ ਵਾਲੀ ਜਮੀਨ ਦੀ ਆਮਦਨ ਘੱਟੋ ਘੱਟ 10,000/- ਰੁਪਏ ਪ੍ਰਤੀ ਏਕੜ ਅਤੇ ਬਿਨ੍ਹਾਂ ਸਿੰਚਾਈ ਵਾਲੀ ਜ਼ਮੀਨ ਦੀ ਘਟੋ ਘੱਟ ਆਮਦਨ 5000/- ਰੁਪਏ ਪਤੀ ਏਕੜ ਲਗਾਵੇ। ਉਪਰ ਦੱਸੇ ਅੰਕੜੇ ਕੇਵਲ ਸੰਕੇਤਕ ਹਨ ਅਤੇ ਸਰਵੇਖਣ ਕਰਤਾ ਨੂੰ ਖੇਤਬਾੜੀ ਦੀ ਆਮਦਨ ਨਿਰਧਾਰਤ ਕਰਨ ਸਮੇਂ ਅਜਾਦੀ ਹੋਵੇਗੀ ਕਿਉਂਕਿ ਇਹ ਆਮਦਨ ਵੱਧ ਵੀ ਹੋ ਸਕਦੀ ਹੈ।ਸਰਵੇਖਣ ਕਰਨ ਵਾਲੇ ਪਰਿਵਾਰ ਦੀ ਆਮਦਨ ਦਾ ਅੰਦਾਜ਼ਾ ਲਗਾਉਣ ਸਮੇ ਪਰਿਵਾਰ ਦੇ ਆਮ ਰਹਿਣ-ਸਹਿਣ ਦੇ ਪੱਧਰ ਦਾ ਵੀ ਧਿਆਨ ਰੱਖਣ।
6. ਲੜੀ ਨੰਬਰ 11, 12 ਅਤੇ 13 ਸਬੰਧੀ ਹਲਕਾ ਪਟਵਾਰੀ, ਅਚੱਲ ਸੰਪਤੀ, ਜਿਵੇਂ ਖੇਤੀਬਾੜੀ ਵਾਲੀ ਜ਼ਮੀਨ, ਪਲਾਟ ਅਤੇ ਦੁਕਾਨਾਂ ਆਦਿ ਬਾਰੇ ਤਸਦੀਕ ਕਰੇਗਾ। ਹਲਕਾ ਪਟਵਾਰੀ ਤੋ ਤਸਦੀਕ ਕਰਵਾਉਣਾ ਸਰਵੇਖਣ-ਕਰਤਾ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਘਰ ਦਾ ਮੈਂਬਰ ਆਪਣੀ ਪੱਧਰ ਤੇ ਪਟਵਾਰੀ ਤੋਂ ਇਹ ਤਸਦੀਕ ਨਹੀ ਕਰਵਾਏਗਾ।
7. ਲੜੀ ਨੰ. 14 ਦੇ ਸਬੰਧੀ, ਸਰਵੇਖਣ ਕਰਤਾ ਘਰ ਦੇ ਮੁਖੀਆ ਤੋਂ ਪਰਿਵਾਰ ਦੀ ਕੁੱਲ ਸਲਾਨਾ ਆਮਦਨ ਸਬੰਧੀ ਹਲਫੀਆ ਬਿਆਨ ਲਵੇਗਾ। ਇਹ ਉਹਨਾਂ ਪਰਿਵਾਰਾਂ ਲਈ ਲਾਜ਼ਮੀ ਹੋਵੇਗਾ ਜਿਨ੍ਹਾਂ ਦੀ ਸਲਾਨਾ ਆਮਦਨ ਨੀਯਤ ਕੀਤੀ ਸੀਮਾ 30,000/- ਰੁਪਏ ਤੋਂ ਘੱਟ ਜਾਂ ਇਸ ਦੇ ਨੇੜੇ-ਤੇੜੇ ਹੈ। ਬਿਨ੍ਹਾਂ ਹਲਫੀਆ

ਬਿਆਨ ਦਿਤੇ ਕੋਈ ਵੀ ਪਰਿਵਾਰ ਇਸ ਸਰਵੇ ਦੀ ਲਿਸਟ ਵਿਚ ਸ਼ਾਮਲ ਹੋਣ ਲਈ ਯੋਗ ਨਹੀਂ ਸਮਝਿਆ ਜਾਵੇਗਾ।

8. ਲੜੀ ਨੰਬਰ 15 ਵਿੱਚ ਇੰਦਰਾਜ਼, ਸਰਵੇਖਣਕਰਤਾ ਜ਼ਾਤੀ ਤੌਰ ਤੇ ਪੀਲਾ ਕਾਰਡ ਤਸਦੀਕ ਕਰਨ ਉਪਰੰਤ ਹੀ ਕਰੇਗਾ।ਜੇਕਰ ਪਰਿਵਾਰ ਵੱਲੋਂ ਪੀਲਾ ਕਾਰਡ ਦੇ ਗੁੰਮ ਜਾ ਖਰਾਬ ਹੋ ਜਾਣ ਬਾਰੇ ਦੱਸਿਆ ਜਾਂਦਾ ਹੈ ਤਾਂ ਸਰਵੇਖਣਕਰਤਾ ਪੀਲਾ ਕਾਰਡ ਦੇ ਜਾਰੀ ਹੋਂਣ ਸਬੰਧੀ ਤਸਦੀਕ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ /ਮਿਊਂਸਪਲ ਕਮੇਟੀ ਦੇ ਦਫ਼ਤਰ ਤੋਂ ਕਰੇਗਾ। ਜੇਕਰ ਕਿਸੇ ਪਰਿਵਾਰ ਨੂੰ ਸਰਕਾਰ ਵੱਲੋਂ ਪਹਿਲਾਂ ਪੀਲਾ ਕਾਰਡ ਜਾਰੀ ਕੀਤਾ ਗਿਆ ਹੈ ਅਤੇ ਹੁਣ ਉਸਦੀ ਅੰਦਾਜ਼ਨ ਸਾਲਾਨਾ ਆਮਦਨ 30,000/-ਰੁਪਏ ਤੋਂ ਵੱਧ ਹੈ ਤਾਂ ਸਰਵੇਖਣਕਰਤਾ ਇਸ ਸਬੰਧੀ ਸਪੱਸ਼ਟ ਕਾਰਨ ਦਰਜ ਕਰਨ ਦਾ ਪਾਬੰਦ ਹੋਵੇਗਾ।

ਗਰੀਬ ਪੇਂਡੂ ਪਰਿਵਾਰਾਂ ਦਾ ਸਰਵੇਖਣ-2007

ਪਰਿਵਾਰਾਂ ਦਾ ਸਰਵੇਖਣ ਫਾਰਮ

1. ਜ਼ਿਲਾ :
2. ਸਬ-ਡਵੀਜ਼ਨ :
3. ਬਲਾਕ/ ਕਸਬਾ :
4. ਪਿੰਡ/ ਵਾਰਡ :
5. ਪੱਤੀ/ਢਾਨੀ/ਡੇਰਾ/ਗਲੀ :
6. ਘਰ ਦੇ ਮੁਖੀਆ ਦਾ ਨਾਂ :
7. ਪਰਿਵਾਰ ਦੇ ਮੈਂਬਰਾਂ ਦੀ ਕੁਲ ਗਿਣਤੀ( ਆਮ ਤੌਰ ਤੇ ਪਰਿਵਾਰ ਦਾ ਮਤਲਬ, ਪਤੀ ਅਤੇ ਪਤਨੀ ਅਤੇ ਉਹਨਾਂ ਤੇ ਨਿਰਭਰ ਅਨਵਿਆਹੇ ਬੱਚੇ ਅਤੇ ਨਿਰਭਰ ਬਜੁਰਜ ਮਾਂ ਬਾਪ ਜੋ ਇਕੱਠੇ ਇਕ ਘਰ ਵਿਚ ਰਹਿੰਦੇ ਹੋਣ, ਸਮਝਿਆ ਜਾਵੇ) :
8. ਕੀ ਉਸਦਾ ਨਾਂ ਪੰਜਾਬ ਵਿਧਾਨ ਸਭਾ ਦੀਆਂ ਵੋਟਰ ਸੂਚੀ ,2007 ਵਿਚ ਦਰਜ ਹੈ (ਹਾਂ/ਨਾ): ( ) ਕਿਰਪਾ ਕਰਕੇ ਉਸਦਾ ਵੋਟਰ ਨੰਬਰ/ਫੋਟੋ ਆਈ ਕਾਰਡ ਨੰ: ਦਸਿਆ ਜਾਵੇ:
9. ਕੀ ਪਰਿਵਾਰ ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ਜਨਰਲ ਕੈਟਾਗਰੀ ਨਾਲ ਸਬੰਧ ਰਖੱਦਾ ਹੈ:
10. ਪਰਿਵਾਰ ਵਿਚ ਕੰਮ ਕਰਨ ਵਾਲੇ/ ਕਮਾਉਣ ਵਾਲੇ ਮੈਂਬਰਾਂ ਦੀ ਗਿਣਤੀ:
11. ਪਰਿਵਾਰ ਦੀ ਆਮਦਨ ਦੇ ਵਸੀਲੇ (ਇਸ ਸਬੰਧੀ ਵੇਰਵੇ ਅਤੇ ਆਮਦਨ ਹਰੇਕ ਵਸੀਲੇ ਤੋਂ ਅਤੇ ਹਰੇਕ ਕਮਾਉਣ ਵਾਲੇ ਮੈਬਰਾਂ ਬਾਰੇ ਦਿੱਤੀ ਜਾਵੇ):

| ਲੜੀ ਨੰ: | ਪਰਿਵਾਰ ਦੀ ਆਮਦਨ ਦੇ ਵਸੀਲੇ | ਕਿੱਤੇ ਦਾ ਵੇਰਵਾ/ਜ਼ਮੀਨ ਦੀ ਮਲਕੀਅਤ ਆਦਿ | ਅੰਦਾਜ਼ਨ ਪਰਿਵਾਰ ਦੀ ਆਮਦਨ | ਵਿਸ਼ੇਸ਼ ਕਥਨ |
|---|---|---|---|---|
| 1. | ਖੇਤੀਬਾੜੀ/ਬਾਗਵਾਨੀ(ਖੁਦ ਖੇਤੀਬਾੜੀ ਕਰਦਾ ਹੈ ਜਾਂ ਠੇਕੇ ਤੇ ਦਿੱਤੀ ਹੈ) | | | |
| 2. | ਖੇਤੀਬਾੜੀ/ਬਾਗਵਾਨੀ (ਬੇ-ਜ਼ਮੀਨ ਕਿਸਾਨ ਜਿਸਨੇ ਜ਼ਮੀਨ ਠੇਕੇ ਤੇ ਲਿੱਤੀ ਹੈ ਦੇ ਸਬੰਧ ਵਿਚ) | | | |
| 3. | ਪਸ਼ੂਪਾਲਣ/ਦੁੱਧ ਦਾ ਕਿੱਤਾ | | | |
| 4. | ਕਾਸ਼ਤਕਾਰ (ਕਿੱਤਾ ਵੇਰਵੇ ਸਹਿਤ) | | | |
| 5. | ਸਵੈ-ਰੋਜ਼ਗਾਰ (ਕਿੱਤਾ ਵੇਰਵੇ ਸਹਿਤ) | | | |
| 6. | ਵਪਾਰਕ ਕਿੱਤਾ/ਬਿਜਨਸ | | | |
| 7. | ਖੇਤੀਬਾੜੀ ਮਜਦੂਰ | | | |
| 8. | ਉਦਯੋਗਿਕ ਮਜ਼ਦੂਰ | | | |
| 9. | ਸਰਕਾਰੀ ਨੌਕਰੀ | | | |

| | | | | |
|---|---|---|---|---|
| 10. | ਪ੍ਰਾਈਵੇਟ ਨੌਕਰੀ | | | |
| 11. | ਪੈਨਸ਼ਨਰੀ ਲਾਭ ਜੇ ਕੋਈ ਹੋਵੇ | | | |
| 12. | ਘਰ, ਦੁਕਾਨ, ਕਾਰਖਾਨਾ ਆਦਿ ਤੋਂ ਕਿਰਾਏ ਦੀ ਆਮਦਨ(ਵੇਰਵੇ ਸਹਿਤ) | | | |
| 13. | ਹੋਰ ਸਾਧਨ(ਵੇਰਵੇ ਸਹਿਤ)<br>ੳ)<br>ਅ)<br>ੲ) | | | |
| 14. | ਪਰਿਵਾਰ ਦੀ ਕੁਲ ਆਮਦਨ(1 ਤੋਂ 13 ਤੱਕ) | | | |

12. ਪਰਿਵਾਰ ਦੀ ਕੁਲ ਜ਼ਮੀਨ ( ਏਕੜ-ਕਨਾਲ-ਮਰਲੇ ਵਿਚ):

13. ਪਰਿਵਾਰ ਦੀ ਹੋਰ ਅਚੱਲ ਜਾਇਦਾਦ ( ਜਿਵੇਂਕਿ ਪਲਾਟ/ਮਕਾਨ/ਦੁਕਾਨ / ਕਾਰਖਾਨਾ ਆਦਿ (ਵੇਰਵੇ ਸਹਿਤ):

14.ੳ) ਕੀ ਪਰਿਵਾਰ ਦੇ ਮੁਖੀਆ ਵਲੋਂ ਆਮਦਨ ਸਬੰਧੀ ਹਲਫਨਾਮਾ ਦਿਤਾ ਗਿਆ ਹੈ?
(ਹਾਂ/ਨਾਂ)

ਅ) ਹਲਫਨਾਮੇ ਵਿਚ ਦਰਸਾਈ ਪਰਿਵਾਰ ਦੀ ਸਲਾਨਾ ਆਮਦਨ :

15. ਲੜੀ ਨੰ: 12 ਅਤੇ 13 ਦੇ ਸਬੰਧ ਵਿਚ ਹਲਕਾ ਪਟਵਾਰੀ ਦੀ ਤਸਦੀਕ ਰਿਪੋਰਟ(ਸਰਵੇਖਣਕਰਤਾ ਵਲੋਂ ਕਰਵਾਈ ਜਾਵੇ):

ਹਲਕਾ ਪਟਵਾਰੀ ਦੇ ਦਸਤਖ਼ਤ

16. ੳ) ਕੀ ਹੁਣ ਉਸ ਪਾਸ ਸਰਕਾਰ ਵਲੋਂ ਜਾਰੀ ਕੀਤਾ ਬੀ.ਪੀ.ਐਲ. ਪੀਲਾ ਕਾਰਡ ਹੈ:
(ਤਸਦੀਕ ਕਰਨ ਉਪਰੰਤ ਹਾਂ/ਨਾ ਲਿਖਿਆ ਜਾਵੇ):

ਅ) ਜੇਕਰ ਕਾਰਡ ਜਾਰੀ ਹੋਇਆ ਹੈ ਪ੍ਰੰਤੂ ਗੁੰਮ ਜਾਂ ਖਰਾਬ ਹੋ ਗਿਆ ਹੈ:

(ਬੀ.ਡੀ.ਪੀ.ਓ./ ਮਿਉਸਪਲ ਕਮੇਟੀ ਦੇ ਦਫਤਰ ਤੋਂ ਬੀ.ਪੀ.ਐਲ. ਕਾਰਡ ਦੇ ਜਾਰੀ ਹੋਣ ਦੀ ਤਸਦੀਕ ਕਰਨ ਉਪਰੰਤ ਹਾਂ ਜਾਂ ਨਾ ਲਿਖਿਆ ਜਾਵੇ):

ੲ) ਜੇਕਰ ਉਪਰ ੳ ਜਾਂ ਅ ਦਾ ਜਵਾਬ ਹਾਂ ਵਿਚ ਹੈ, ਤਾਂ ਦਸਿਆ ਜਾਵੇ ਕੀ ਪਰਿਵਾਰ ਦੀ ਆਮਦਨ 30,000/- ਤੋਂ ਉਪਰ ਹੈ): (ਹਾਂ ਜਾਂ ਨਾ ਵਿਚ ਲਿਖਿਆ ਜਾਵੇ)

ਸ) ਜੇਕਰ ੲ ਦਾ ਜਵਾਬ ਹਾਂ ਹੈ, ਤਾਂ ਪਰਿਵਾਰ ਦੀ 30,000/- ਤੋਂ ਵੱਧ ਸਾਲਾਨਾ ਆਮਦਨ ਸਬੰਧੀ ਕਾਰਨ ਦਸੱਦੇ ਹੋਏ ਸਪਸ਼ਟੀਕਰਨ ਦਿੱਤਾ ਜਾਵੇ:

ਦਸਤਖ਼ਤ/ਪਰਿਵਾਰ ਦੇ ਮੁਖੀ ਦਾ ਅੰਗੂਠਾ

17. ਸਰਵੇਖਣਕਰਤਾ ਵਲੋਂ ਪਰਿਵਾਰ ਦੀ ਆਮਦਨ ਦਾ ਅੰਤਿਮ ਅਨੁਮਾਨ:

ਸਰਵੇਖਣ ਦੀ ਮਿਤੀ

ਸਰਵੇਖਣਾਂ ਦੇ ਦਸਤਖ਼ਤ 1. 2.

ਆਟਾ -ਦਾਲ ਸਕੀਮ ਲਈ ਗਰੀਬ ਪਰਿਵਾਰਾਂ ਦੇ ਸਰਵੇ ਸਬੰਧੀ ਹਲਫੀਆ ਬਿਆਨ ਦਾ ਪ੍ਰੋਫਾਰਮਾ

ਹਲਫੀਆ ਬਿਆਨ

ਮੈਂ---------------------- ਸਪੁਤਰ/ ਧਰਮ ਪਤਨੀ ------------- ਨਿਵਾਸੀ ------------ (ਮਕਾਨ ਨੰ. ----------------( ਪਿੰਡ/ ਮਹੱਲਾ/ਵਾਰਡ)------ (ਬਲਾਕ / ਕਸਬਾ)------- (ਸਬ-ਡਵੀਜ਼ਨ) -------- (ਜ਼ਿਲਾ )----------- ਸੱਚੇ ਦਿਲੋਂ ਸੋਂਹ ਚੁਕਦੇ ਹੋਏ ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹਾਂ ਕਿ :-

1. ਮੈਂ ਉਪਰ ਦਿਤੇ ਪਤੇ ਤੇ ਰਹਿੰਦਾ ਹਾਂ।

2. ਮੇਰੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਅਤੇ ਨਾਮ ਹੇਠ ਲਿਖੇ ਅਨੁਸਾਰ ਹਨ:-

| | |
|---|---|
| 1) | 6) |
| 2) | 7) |
| 3) | 8) |
| 4) | 9) |
| 5) | 10) |

3. ਮੇਰੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 30,000/- ਰੁਪਏ ਤੋਂ ਵੱਧ ਨਹੀਂ ਹੈ।

ਬਿਆਨ ਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰ ਦਿਤੇ ਤੱਥ ਮੇਰੀ ਜਾਣਕਾਰੀ ਅਨੁਸਾਰ ਸਹੀ ਹਨ ਅਤੇ ਇਸ ਸਬੰਧੀ ਕੁਝ ਵੀ ਛੁਪਾਇਆ ਨਹੀਂ ਗਿਆ।

ਬਿਆਨ ਕਰਤਾ

ਮਿਤੀ

ਗਵਾਹ:

1

2

ਤਸਦੀਕ ਕਰਨ ਵਾਲੇ ਅਧਿਕਾਰੀ ਦੇ ਦਸਤਖਤ ਅਤੇ ਮੋਹਰ

**ਗਰੀਬ ਘਰਾਂ ਦਾ ਸਰਵੇਖਣ - 2007**

**ਦਾਅਵਾ ਅਤੇ ਇਤਰਾਜ ਦਾਖਲ ਕਰਨ ਸਬੰਧੀ ਫਾਰਮ**

1. ਦਾਅਵਾ/ਇਤਰਾਜ ਕਰਨ ਵਾਲੇ ਦਾ ਨਾਂ :
2. ਦਾਅਵਾ/ਇਤਰਾਜ ਕਰਨ ਵਾਲੇ ਦਾ ਪਤਾ :
3. ਪਿੰਡ/ਵਾਰਡ/ਮੁਹੱਲਾ :
4. ਬਲਾਕ/ਕਸਬਾ :
5. ਸਬ-ਡਵੀਜਨ ਅਤੇ ਜ਼ਿਲਾ :
6. ਦਾਅਵਾ :
7. ਲੜੀ ਨੰ. ਜਿਸ ਬਾਰੇ ਇਤਰਾਜ ਹੈ :
8. ਉਸਦੇ ਕਾਰਨ :

ਮਿਤੀ : ਦਾਅਵਾ/ਇਤਰਾਜ ਕਰਨ ਵਾਲੇ ਦੇ ਦਸਤਖਤ

**ਸਿਰਫ ਦਫਤਰੀ ਵਰਤੋਂ ਲਈ**

ਤਸਦੀਕ ਰਿਪੋਰਟ

ਐਸ.ਡੀ.ਐਮ. ਦੇ ਹੁਕਮ

ਮਿਤੀ : ਐਸ.ਡੀ.ਐਮ. ਦੇ ਦਤਸਖਤ ਅਤੇ ਮੋਹਰ